ਦਫ਼ਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ

(ਦਫ਼ਤਰੀ ਅਮਲਾ ਸ਼ਾਖਾ, ਈ-ਮੇਲ ਆਈ.ਡੀ. medpipunjab@punjabeducation.gov.in)

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜ਼ਿਲ)

ਸੇਵਾ ਵਿਖੇ

ਸਮੂਹ ਜ਼ਿਲਾ ਸਿੱਖਿਆ ਅਫਸਰ (ਸੈਸਿ/ ਐਸਿ),
ਪੰਜਾਬ।

ਮੀਮੋ ਨੰ:: 465632/2024190820
ਮਿਤੀ, ਐਸ.ਏ.ਐਸ.ਨਗਰ- 02.08.2024

ਵਿਸ਼ਾ- ਦਰਜਾਚਾਰ ਕਰਮਚਾਰੀਆਂ ਦੀਆਂ ਆਮ ਬਦਲੀਆਂ ਸਾਲ 2024 ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਬਦਲੀ ਦੇ ਚਾਹਵਾਨ ਦਰਜਾਚਾਰ ਕਰਮਚਾਰੀਆਂ ਦੀਆਂ ਪ੍ਰਤੀਬੇਨਤੀਆਂ ਮਿਤੀ 10-08-2024 ਤੱਕ ਮੰਗੀਆਂ ਜਾਂਦੀਆਂ ਹਨ।

2.0 ਆਪਣੇ ਅਧੀਨ ਪੈਂਦੇ ਸਮੂਹ ਦਫਤਰਾਂ/ ਸਕੂਲਾਂ/ ਸੰਸਥਾਵਾਂ ਵਿੱਚ ਤੈਨਾਤ ਸਮੂਹ ਦਰਜਾਚਾਰ ਕਾਡਰ ਦੇ ਕਰਮਚਾਰੀਆਂ ਨੂੰ ਇਸ ਸਬੰਧੀ ਨੋਟ ਕਰਵਾ ਦਿੱਤਾ ਜਾਵੇ ਕਿ ਜੋ ਵੀ ਬਦਲੀਆਂ ਦੇ ਚਾਹਵਾਨ ਹੋਣ ਉਹ ਮਿਤੀ 09-08-2024 ਤੱਕ ਬਦਲੀਆਂ ਦੀਆਂ ਅਰਜੀਆਂ ਸਬੰਧਤ ਜਿਲੇ ਦੇ ਦਫਤਰ ਨੂੰ ਪੁੱਜਦੀਆਂ ਕਰ ਦੇਣ।

3.0 ਬਦਲੀਆਂ ਦੀਆਂ ਪ੍ਰਤੀ ਬੇਨਤੀਆਂ ਵਿੱਚ ਕਰਮਚਾਰੀਆਂ ਦੇ ਦਰਜ ਕੀਤੇ ਵੇਰਵੇ ਹੇਠ ਲਿਖੇ ਪ੍ਰਫਾਰਮੇ ਵਿੱਚ ਭਰਕੇ, ਸਾਰੀਆਂ ਪ੍ਰਤੀ ਬੇਨਤੀਆਂ ਪ੍ਰਫਾਰਮੇ ਨਾਲ ਨੱਥੀ ਕਰਕੇ ਭੇਜੀਆਂ ਜਾਣ-

ਜਿਲੇ ਦੇ ਨਾਮ____________________

| ਲੜੀ ਨੰ | ਕਰਮਚਾਰੀ ਦਾ ਨਾਮ | ਅਹੁੱਦਾ | ਮੌਜੂਦਾ ਕੰਮ ਕਰਨ ਦਾ ਸਥਾਨ | ਮੰਗਿਆ ਗਿਆ ਸਟੇਸ਼ਨ | ਮੰਗੇ ਗਏ ਸਟੇਸ਼ਨ ਤੇ ਕਰਮਚਾਰੀ ਦੀ ਆਪਣੀ ਆਸਾਮੀ ਦੇ ਖਾਲੀ ਹੋਣ ਦੀ ਪੁਸ਼ਟੀ ਕੀਤੀ ਜਾਵੇ | ਕਰਮਚਾਰੀ ਦੀ ਮੌਜੂਦਾ ਸਟੇਸ਼ਨ ਤੇ ਠਹਿਰ | ਅਪਲਾਈ ਕੀਤੇ ਕਰਮਚਾਰੀ ਦੇ ਆਰਜੀ ਅਡਜਸਟਮੈਂਟ ਦੇ ਵੇਰਵੇ (ਹਾਂ ਜਾਂ ਨਹੀਂ) ਜੇਕਰ ਹਾਂ ਤਾਂ ਦਰਜ ਕੀਤੇ ਜਾਣ | ਵਿਸ਼ੇਸ਼ ਸ਼੍ਰੇਣੀ/ ਕੈਟਾਗਿਰੀ ਜਿਵੇਂ ਕਿ ਅੰਗਹੀਣ, ਕੈਂਸਰ/ ਥਲੇਸੀਮੀਆ, ਵਿਧਵਾ ਜਾਂ ਸ਼ਹੀਦ ਦੇ ਪਰਿਵਾਰ ਤੋਂ ਆਦਿ ਸ਼ਿਕਾਇਤ ਪੜਤਾਲ/ ਕੋਰਟ ਕੇਸ ਆਦਿ ਪੈਂਡਿੰਗ ਨਾ ਹੋਣ ਸਬੰਧੀ/ ਪ੍ਰਬੰਧਕੀ ਅਧਾਰ ਤੇ ਕੀਤੀ ਗਈ ਬਦਲੀ ਆਦਿ ਦੇ ਵੇਰਵੇ ਦਰਜ ਕੀਤੇ ਜਾਣ |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |

ਜ਼ਰੂਰੀ ਨੋਟ-

1. ਦਰਜਾਚਾਰ ਕਰਮਚਾਰੀਆਂ ਦਾ ਅਹੁੱਦਾ ਸਪੱਸ਼ਟ ਲਿਖਿਆ ਜਾਵੇ ਕਿ ਉਹ ਸੇਵਾਦਾਰ, ਸਫਾਈ ਸੇਵਕ, ਚੌਕੀਦਾਰ ਆਦਿ ਹੈ ਅਤੇ ਉਸ ਦੇ ਵੱਲੋਂ ਮੰਗਿਆ ਗਿਆ ਸਟੇਸ਼ਨ ਵੀ ਉਸੇ ਅਹੁੱਦੇ ਅਨੁਸਾਰ ਹੀ ਖਾਲੀ ਹੈ।
2. ਸਮੂਹ ਕਰਮਚਾਰੀਆਂ ਨੂੰ ਆਪਣੇ ਪੱਧਰ ਤੇ ਸੂਚਿਤ ਕਰ ਦਿੱਤਾ ਜਾਵੇ ਕਿ ਹੁਣ ਬਦਲੀਆਂ ਦੀਆਂ ਪ੍ਰਤੀ- ਬੇਨਤੀਆਂ ਕੇਵਲ ਆਪਣੇ ਸਬੰਧਤ ਜਿਲਾ ਸਿੱਖਿਆ ਅਫਸਰ ਰਾਹੀਂ ਪ੍ਰਾਪਤ ਕੀਤੀਆਂ ਜਾਣਗੀਆਂ। ਸਿੱਧੇ ਡਾਕ ਰਾਹੀਂ, ਮੇਲ ਰਾਹੀਂ ਜਾਂ ਦਸਤੀ ਭੇਜੀਆਂ ਗਈਆਂ ਪ੍ਰਤੀ-ਬੇਨਤੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ ਅਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।
3. ਬਦਲੀਆਂ ਦੀਆਂ ਪ੍ਰਤੀ-ਬੇਨਤੀਆਂ ਮਿਤੀ 09.08.2024 ਤੱਕ ਪ੍ਰਾਪਤ ਕਰਕੇ, ਉਕਤ ਪ੍ਰਫਾਰਮੇ ਸਹਿਤ ਮਿਤੀ 10.08.2024 ਨੂੰ ਸ਼ਾਮ 5:00 ਵਜੇ ਤੱਕ ਦਸਤੀ ਪੁੱਜਦੀਆਂ ਕੀਤੀਆਂ ਜਾਣ। ਇਸ ਉਪਰੰਤ ਬਦਲੀਆਂ ਸਬੰਧੀ ਕੋਈ ਡਾਕ / ਪ੍ਰਤੀ-ਬੇਨਤੀ ਪ੍ਰਾਪਤ ਨਹੀਂ ਕੀਤੀ ਜਾਵੇਗੀ।
4. ਜੇਕਰ ਕਰਮਚਾਰੀ ਵਲੋ ਆਪਣੇ ਸਬੰਧਤ ਜਿਲਾ ਸਿੱਖਿਆ ਅਫਸਰ ਨੂੰ ਬਦਲੀ ਸਬੰਧੀ ਦਿੱਤੀ ਗਈ ਪ੍ਰਤੀ ਬੇਨਤੀ ਦੇ ਵੇਰਵੇ ਇਸ ਦਫਤਰ ਵਿਖੇ ਨਹੀ ਭੇਜੇ ਜਾਂਦੇ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ।
5. ਉਕਤ ਪ੍ਰੋਫਾਰਮੇ ਵਿੱਚ ਆਪ ਵਲੋਂ ਦਰਜ ਕੀਤੀਆਂ ਗਈਆਂ ਪ੍ਰਤੀਬੇਨਤੀਆਂ ਤੋਂ ਇਲਾਵਾ ਬਦਲੀ ਸਬੰਧੀ ਕੋਈ ਵੀ ਕਰਮਚਾਰੀ ਦਾ ਕੇਸ ਪੈਂਡਿੰਗ ਨਾ ਹੋਣ ਸਬੰਧੀ ਸਰਟੀਫਿਕੇਟ ਦਿੱਤਾ ਜਾਵੇ।

02/08/24

ਸਹਾਇਕ ਡਾਇਰੈਕਟਰ ਦਫਤਰੀ ਅਮਲਾ

## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਬਠਿੰਡਾ

ਪਿਠਅੰਕਣ ਨੰ: ਅ-4/1( )2024/ 248 ਮਿਤੀ 5.8.2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿਚ ਦਰਜ ਹਦਾਇਤਾਂ ਅਨੁਸਾਰ ਬਦਲੀਆਂ ਦੀਆਂ ਅਰਜੀਆਂ ਇਸ ਦਫਤਰ ਨੂੰ ਮਿਤੀ 7.8.24 ਤੱਕ ਇਸ ਦਫਤਰ ਵਿਖੇ ਭੇਜਣੀਆਂ ਯਕੀਨੀ ਬਣਾਈ ਜਾਣ ਅਤੇ ਪੱਤਰ ਵਿਚ ਦਿੱਤਾ ਪ੍ਰੋਫਾਰਮਾ ਭਰ ਕੇ ਇਸ ਅਰਜੀ ਨਾਲ ਲਗਾ ਕੇ ਭੇਜਿਆ ਜਾਵੇ।

ਜਿਲਾ ਸਿਖਿਆ ਅਫਸਰ (ਸੈ ਸਿ)
ਬਠਿੰਡਾ